# PSTET Paper 2 Maths & Science Held on 15 March 2026

## Part-1/ ਭਾਗ-1

## Child Development and Pedagogy

1. Which pedagogy is based on learning "through the arts" and "with the arts"?
   (A) Experiential Learning
   (B) Competency-Based Learning
   (C) Art Integrated Learning
   (D) Blended Learning
   ਕਿਹੜਾ ਸਿੱਖਿਆ ਸ਼ਾਸਤਰ "ਕਲਾ ਦੁਆਰਾ" ਅਤੇ "ਕਲਾ ਦੇ ਨਾਲ" ਸਿੱਖਣ 'ਤੇ ਅਧਾਰਤ ਹੈ ?
   (A) ਅਨੁਭਵੀ ਸਿਖਲਾਈ
   (B) ਯੋਗਤਾ-ਅਧਾਰਿਤ ਸਿਖਲਾਈ
   (C) ਕਲਾ-ਏਕੀਕ੍ਰਿਤ ਸਿਖਲਾਈ
   (D) ਮਿਸ਼ਰਤ ਸਿਖਲਾਈ

2. In a constructivist classroom, how does the teacher present the curriculum ?
   (A) In isolated bits and pieces
   (B) Holistically, integrating concepts and experiences
   (C) Only through rote memorization
   (D) Primarily through lecture and note-taking
   ਇੱਕ ਰਚਨਾਤਮਕ ਕਲਾਸਰੂਮ ਵਿੱਚ, ਅਧਿਆਪਕ ਪਾਠਕ੍ਰਮ ਨੂੰ ਕਿਵੇਂ ਪੇਸ਼ ਕਰਦਾ ਹੈ ?
   (A) ਅਲੱਗ- ਅਲੱਗ ਟੁਕੜਿਆਂ ਅਤੇ ਹਿੱਸਿਆ ਵਿੱਚ
   (B) ਸੰਪੂਰਨ ਤੌਰ 'ਤੇ, ਸੰਕਲਪਾਂ ਅਤੇ ਅਨੁਭਵਾਂ ਨੂੰ ਜੋੜਕੇ
   (C) ਕੇਵਲ ਰੱਟੇ ਨਾਲ ਯਾਦ ਕਰਨ ਦੁਆਰਾ
   (D) ਮੁੱਖ ਤੌਰ 'ਤੇ ਭਾਸ਼ਣ ਅਤੇ ਨੋਟ ਬਣਵਾਉਣ ਦੁਆਰਾ

3. Which type of drama is most suitable for students of Class VI to VIII ?
   (A) Formal drama
   (B) Puppet Drama
   (C) Improvisation
   (D) Professional Musical Drama
   ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਿਹੜਾ ਨਾਟਕ ਸਭ ਤੋਂ ਢੁਕਵਾਂ ਹੈ ?
   (A) ਰਸਮੀ ਨਾਟਕ
   (B) ਕਠਪੁਤਲੀ ਨਾਟਕ
   (C) ਤਤਕਾਲੀ ਨਾਟਕ
   (D) ਪੇਸ਼ੇਵਰ ਸੰਗੀਤਮਈ ਨਾਟਕ

4. The term "Tabula Rasa" was coined by whom ?
   (A) Sigmund Freud
   (B) John Locke
   (C) Jean-Jacques Rousseau
   (D) B.F. Skinner
   "ਤਬੂਲਾ ਰਾਸਾ" ਸ਼ਬਦ ਕਿਸ ਦੁਆਰਾ ਘੜਿਆ ਗਿਆ ਸੀ ?
   (A) ਸਿਗਮੰਡ ਫਰਾਇਡ
   (B) ਜੌਨ ਲੌਕ
   (C) ਜੀਨ-ਜੈਕ ਰੂਸੋ
   (D) ਬੀ.ਐਫ. ਸਕਿਨਰ

5. Which psychologist proposed that there are eight different forms of intelligence, each functioning independently of the others ?
   (A) Alfred Binet
   (B) Howard Gardner
   (C) Jean Piaget
   (D) Sigmund Freud
   ਕਿਸ ਮਨੋਵਿਗਿਆਨੀ ਨੇ ਪ੍ਰਸਤਾਵਿਤ ਕੀਤਾ ਕਿ ਬੁੱਧੀ ਦੇ ਅੱਠ ਵੱਖ-ਵੱਖ ਰੂਪ ਹਨ, ਹਰੇਕ ਇੱਕ ਦੂਜੇ ਤੋਂ ਸੁਤੰਤਰ ਤੌਰ 'ਤੇ ਕੰਮ ਕਰਦਾ ਹੈ ?
   (A) ਅਲਫ੍ਰੇਡ ਬਿਨੇਟ
   (B) ਹਾਵਰਡ ਗਾਰਡਨਰ
   (C) ਜੀਨ ਪੀਆਜੇ
   (D) ਸਿਗਮੰਡ ਫਰਾਇਡ

6. Who introduced the Play-way Method in his book "*The Play Way*" (1917) ?
   (A) Maria Montessori
   (B) Henry Caldwell Cook
   (C) John Dewey
   (D) Friedrich Froebel
   ਆਪਣੀ ਕਿਤਾਬ "*The Play Way*" (1917) ਵਿੱਚ ਖੇਡ ਆਧਾਰਿਤ ਵਿਧੀ ਨੂੰ ਕਿਸ ਨੇ ਪੇਸ਼ ਕੀਤਾ ?
   (A) ਮਾਰੀਆ ਮੋਂਟੇਸਰੀ
   (B) ਹੈਨਰੀ ਕਾਲਡਵੈਲ ਕੁੱਕ
   (C) ਜੌਨ ਡੇਵੀ
   (D) ਫਰੀਡਰਿਕ ਫਰੋਬੇਲ

7. "The unfolding of traits potentially present in the individual" definition refers to which of the following term ?

(A) Learning (B) Growth (C) Maturation (D) Training

"ਵਿਅਕਤੀ ਵਿੱਚ ਸੰਭਾਵੀ ਤੌਰ 'ਤੇ ਮੌਜੂਦ ਗੁਣਾਂ ਦਾ ਉਜਾਗਰ ਹੋਣਾ" ਪਰਿਭਾਸ਼ਾ ਹੇਠਾਂ ਦਿੱਤੇ ਸ਼ਬਦ ਵਿੱਚੋਂ ਕਿਸ ਨੂੰ ਦਰਸਾਉਂਦੀ ਹੈ ?

(A) ਸਿੱਖਣਾ (B) ਵਿਕਾਸ (C) ਪਰਪੱਕਤਾ (D) ਸਿਖਲਾਈ

8. Which of the following best describes assimilation ?

(A) Adjusting unfamiliar situations to solve the problems

(B) Using new mechanisms to handle unfamiliar situations

(C) Using existing mechanisms to solve new problems

(D) Ignoring information which matches prior knowledge

ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਸਮਾਈਕਰਣ ਦਾ ਵਰਣਨ ਕਰਦਾ ਹੈ ?

(A) ਸਮੱਸਿਆਵਾਂ ਨੂੰ ਹੱਲ ਕਰਨ ਲਈ ਅਣਜਾਣ ਸਥਿਤੀਆਂ ਨੂੰ ਅਨੁਕੂਲ ਕਰਨਾ

(B) ਅਣਜਾਣ ਸਥਿਤੀਆਂ ਨਾਲ ਨਜਿੱਠਣ ਲਈ ਨਵੀਂ ਵਿਧੀ ਦੀ ਵਰਤੋਂ ਕਰਨਾ

(C) ਨਵੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮੌਜੂਦਾ ਵਿਧੀਆਂ ਦੀ ਵਰਤੋਂ ਕਰਨਾ

(D) ਉਸ ਜਾਣਕਾਰੀ ਨੂੰ ਨਜ਼ਰਅੰਦਾਜ਼ ਕਰਨਾ ਜੋ ਪੁਰਾਣੇ ਗਿਆਨ ਨਾਲ ਮੇਲ ਖਾਂਦੀ ਹੈ

9. In Pavlov's original experiment, a dog was presented with food and immediately salivated. What are the correct terms for the food and the salivation ?

(A) Food – Conditioned Stimulus; Salivation – Conditioned Response

(B) Food – Unconditioned Stimulus; Salivation – Unconditioned Response

(C) Food – Neutral Stimulus; Salivation – Conditioned Response

(D) Food – Conditioned Stimulus; Salivation – Unconditioned Response

ਪਾਵਲੋਵ ਦੇ ਮੂਲ ਪ੍ਰਯੋਗ ਵਿੱਚ, ਇੱਕ ਕੁੱਤੇ ਨੂੰ ਭੋਜਨ ਪੇਸ਼ ਕੀਤਾ ਗਿਆ ਅਤੇ ਤੁਰੰਤ ਲਾਰ ਕੱਢੀ ਗਈ। ਭੋਜਨ ਅਤੇ ਲਾਰ ਲਈ ਸਹੀ ਸ਼ਬਦ ਕੀ ਹਨ ?

(A) ਭੋਜਨ – ਕੰਡੀਸ਼ਨਡ ਸਟਿਮੁਲਸ ; ਲਾਰ – ਕੰਡੀਸ਼ਨਡ ਰਿਸਪਾਂਸ

(B) ਭੋਜਨ – ਅਨਕੰਡੀਸ਼ਨਡ ਸਟਿਮੁਲਸ ; ਲਾਰ – ਅਨਕੰਡੀਸ਼ਨਡ ਰਿਸਪਾਂਸ

(C) ਭੋਜਨ – ਨਿਊਟਰਲ ਸਟਿਮੁਲਸ ; ਲਾਰ – ਕੰਡੀਸ਼ਨਡ ਰਿਸਪਾਂਸ

(D) ਭੋਜਨ – ਕੰਡੀਸ਼ਨਡ ਸਟਿਮੁਲਸ ; ਲਾਰ – ਅਣਕੰਡੀਸ਼ਨਡ ਰਿਸਪਾਂਸ

10. The new cell formed with 23 pairs of chromosomes, equally from the father and the mother, is created during which of the following process ?

(A) Mitosis (B) Meiosis (C) Fertilization (D) Binary fission

ਪਿਤਾ ਅਤੇ ਮਾਂ ਦੇ ਬਰਾਬਰ ਦੇ ਕ੍ਰੋਮੋਸੋਮ ਦੇ 23 ਜੋੜਿਆਂ ਨਾਲ ਬਣਿਆ ਨਵਾਂ ਸੈੱਲ, ਹੇਠ ਲਿਖੀਆਂ ਵਿੱਚੋਂ ਕਿਹੜੀ ਪ੍ਰਕਿਰਿਆ ਦੌਰਾਨ ਬਣਿਆ ਹੈ ?

(A) ਮਾਈਟੋਸਿਸ (B) ਮੀਓਸਿਸ (C) ਫਰਟੀਲਾਈਜੇਸ਼ਨ (D) ਬਾਈਨਰੀ ਫਿਸ਼ਨ

11. Who formulated the three levels of moral judgement – pre-moral, conventional morality, and morality based on self-accepted moral principles ?

(A) Jean Piaget (B) Erik Erikson

(C) Lawrence Kohlberg (D) Sigmund Freud

ਕਿਸ ਨੇ ਨੈਤਿਕ ਨਿਰਣੇ ਦੇ ਤਿੰਨ ਪੱਧਰਾਂ - ਪੂਰਵ-ਨੈਤਿਕ, ਪਰੰਪਰਾਗਤ ਨੈਤਿਕਤਾ ਅਤੇ ਸਵੈ-ਪ੍ਰਵਾਨਿਤ ਨੈਤਿਕ ਸਿਧਾਂਤਾਂ 'ਤੇ ਆਧਾਰਿਤ ਨੈਤਿਕਤਾ ਨੂੰ ਸੂਤਰਬੱਧ ਕੀਤਾ ?

(A) ਜੀਨ ਪਿਆਜੇ (B) ਏਰਿਕ ਏਰਿਕਸਨ

(C) ਲਾਰੈਂਸ ਕੋਹਲਬਰਗ (D) ਸਿਗਮੰਡ ਫਰਾਇਡ

12. Who emphasised the role of generalisation in verbal communication, stating that things must first be categorised and only then do words come to represent those categories ?

(A) Jean Piaget (B) B.F. Skinner

(C) Lev Vygotsky (D) Noam Chomsky

ਕਿਸਨੇ ਮੌਖਿਕ ਸੰਚਾਰ ਵਿੱਚ ਸਧਾਰਨੀਕਰਨ ਦੀ ਭੂਮਿਕਾ 'ਤੇ ਇਹ ਦੱਸਦੇ ਹੋਏ ਜ਼ੋਰ ਦਿੱਤਾ, ਕਿ ਚੀਜ਼ਾਂ ਨੂੰ ਪਹਿਲਾਂ ਸ਼੍ਰੇਣੀਬੱਧ ਕੀਤਾ ਜਾਣਾ ਚਾਹੀਦਾ ਹੈ ਅਤੇ ਕੇਵਲ ਫੇਰ ਹੀ ਸ਼ਬਦ ਉਹਨਾਂ ਸ਼੍ਰੇਣੀਆਂ ਨੂੰ ਦਰਸਾਉਣ ਲੱਗਦੇ ਹਨ ?

(A) ਜੀਨ ਪਿਆਜੇ (B) ਬੀ.ਐਫ. ਸਕਿਨਰ

(C) ਲੇਵ ਵਿਗੋਤਸਕੀ (D) ਨੋਅਮ ਚੋਮਸਕੀ

13. According to which law the development starts from head to toe ?

(A) Law of Proximodistal development (B) Law of Readiness

(C) Law of Cephalocaudal development (D) Law of Effect

ਕਿਸ ਨਿਯਮ ਅਨੁਸਾਰ ਸਿਰ ਤੋਂ ਪੈਰ ਦੇ ਅੰਗੂਠੇ ਵੱਲ ਦਾ ਵਿਕਾਸ ਸ਼ੁਰੂ ਹੁੰਦਾ ਹੈ ?

(A) ਪ੍ਰੌਕਸੀਮੋਡਿਸਟਲ ਵਿਕਾਸ ਦਾ ਨਿਯਮ (B) ਤਿਆਰੀ ਦਾ ਨਿਯਮ

(C) ਸੇਫਾਲੋਕੌਡਲ ਵਿਕਾਸ ਦਾ ਨਿਯਮ (D) ਪ੍ਰਭਾਵ ਦਾ ਨਿਯਮ

14. The basic unit responsible for the transmission of hereditary characteristics is called:

(A) Nucleus (B) Enzyme (C) Gene (D) Cytoplasm

ਖ਼ਾਨਦਾਨੀ ਵਿਸ਼ੇਸ਼ਤਾਵਾਂ ਦੇ ਸੰਚਾਰ ਲਈ ਜ਼ਿੰਮੇਵਾਰ ਬੁਨਿਆਦੀ ਇਕਾਈ ਨੂੰ ਕਿਹਾ ਜਾਂਦਾ ਹੈ:

(A) ਨਿਊਕਲੀਅਸ (B) ਐਨਜ਼ਾਈਮ (C) ਜੀਨ (D) ਸਾਇਟੋਪਲਾਜ਼ਮ

15. Who analyzed the spontaneous speech of children with their companions and classified it into egocentric speech and socialized speech ?

(A) Lev Vygotsky (B) B.F. Skinner

(C) Jean Piaget (D) Jerome Bruner

ਕਿਸ ਨੇ ਬੱਚਿਆਂ ਦੇ ਆਪਣੇ ਸਾਥੀਆਂ ਨਾਲ ਸੁਭਾਵਕ ਬੋਲੀ ਦਾ ਵਿਸ਼ਲੇਸ਼ਣ ਕੀਤਾ ਅਤੇ ਇਸਨੂੰ ਹਉਮੈ ਕੇਂਦਰਿਤ ਬੋਲੀ ਅਤੇ ਸਮਾਜੀਕ੍ਰਿਤ ਬੋਲੀ ਵਿੱਚ ਸ਼੍ਰੇਣੀਬੱਧ ਕੀਤਾ ?

(A) ਲੇਵ ਵਿਗੋਤਸਕੀ (B) ਬੀ.ਐਫ. ਸਕਿਨਰ (C) ਜੀਨ ਪਿਆਜੇ (D) ਜੇਰੋਮ ਬਰੂਨਰ

16. Which research method makes it possible to study individual differences in growth as well as overall growth trends ?
(A) Cross-sectional method
(B) Experimental method
(C) Longitudinal method
(D) Case study method

ਕਿਹੜੀ ਖੋਜ-ਵਿਧੀ ਵਿਕਾਸ ਵਿੱਚ ਵਿਅਕਤੀਗਤ ਅੰਤਰ ਦੇ ਨਾਲ-ਨਾਲ ਸਮੁੱਚੇ ਵਿਕਾਸ ਦੇ ਰੁਝਾਨਾਂ ਦਾ ਅਧਿਐਨ ਕਰਨਾ ਸੰਭਵ ਬਣਾਉਂਦੀ ਹੈ ?
(A) ਪਾਰ-ਵਿਭਾਗੀ ਵਿਧੀ
(B) ਪ੍ਰਯੋਗਾਤਮਕ ਵਿਧੀ
(C) ਲੰਬਕਾਰੀ ਵਿਧੀ
(D) ਕੇਸ ਅਧਿਐਨ-ਵਿਧੀ

17. According to Jean Piaget, the fourth stage of cognitive development – formal operational stage – occurs in early adolescence. During this stage, the child is able to :
(A) Think only in concrete terms
(B) Learn mainly through trial and error
(C) Form hypotheses, test them, and draw logical conclusions
(D) Depend completely on sensory experiences

ਜੀਨ ਪਿਆਜੇ ਦੇ ਅਨੁਸਾਰ, ਬੋਧਾਤਮਕ ਵਿਕਾਸ ਦਾ ਚੌਥਾ ਪੜਾਅ - ਰਸਮੀ ਸੰਚਾਲਨ ਪੜਾਅ - ਸ਼ੁਰੂਆਤੀ ਕਿਸ਼ੋਰ ਅਵਸਥਾ ਵਿੱਚ ਵਾਪਰਦਾ ਹੈ। ਇਸ ਪੜਾਅ ਦੇ ਦੌਰਾਨ, ਬੱਚਾ ਇਹ ਕਰਨ ਦੇ ਯੋਗ ਹੁੰਦਾ ਹੈ :
(A) ਸਿਰਫ਼ ਠੋਸ ਸ਼ਬਦਾਂ ਵਿਚ ਸੋਚਣ ਦੇ
(B) ਮੁੱਖ ਤੌਰ 'ਤੇ ਅਜ਼ਮਾਇਸ਼ ਅਤੇ ਗ਼ਲਤੀ ਦੁਆਰਾ ਸਿੱਖਣ ਦੇ
(C) ਪਰਿਕਲਪਨਾ ਕਰਨ, ਉਹਨਾਂ ਦੀ ਜਾਂਚ ਕਰਨ ਅਤੇ ਤਰਕਪੂਰਨ ਸਿੱਟੇ ਕੱਢਣ ਦੇ
(D) ਸੰਵੇਦੀ ਅਨੁਭਵਾਂ 'ਤੇ ਪੂਰੀ ਤਰ੍ਹਾਂ ਨਿਰਭਰ ਰਹਿਣ ਦੇ

18. Beginning with the third week of life, a baby's crying becomes differentiated. What does this mean ?
(A) The baby stops crying altogether.
(B) All cries sound the same and are hard to interpret.
(C) Different tones and intensities of crying indicate specific needs, recognizable by those familiar with babies.
(D) Crying is random and has no relation to the baby's needs.

ਜੀਵਨ ਦੇ ਤੀਜੇ ਹਫ਼ਤੇ ਦੀ ਸ਼ੁਰੂਆਤ ਤੋਂ, ਬੱਚੇ ਦਾ ਰੋਣਾ ਵੱਖਰਾ ਹੋ ਜਾਂਦਾ ਹੈ। ਇਸਦਾ ਕੀ ਮਤਲਬ ਹੈ ?
(A) ਬੱਚਾ ਪੂਰੀ ਤਰ੍ਹਾਂ ਰੋਣਾ ਬੰਦ ਕਰ ਦਿੰਦਾ ਹੈ।
(B) ਹਰੇਕ ਰੋਣ ਦੀ ਅਵਾਜ਼ ਇੱਕੋ ਜਿਹੀ ਹੁੰਦੀ ਹੈ ਅਤੇ ਇਸ ਦੀ ਵਿਆਖਿਆ ਕਰਨੀ ਔਖੀ ਹੁੰਦੀ ਹੈ।
(C) ਰੋਣ ਦੀ ਵੱਖੋ-ਵੱਖਰੀ ਸੁਰ ਅਤੇ ਤੀਬਰਤਾ ਖਾਸ ਲੋੜਾਂ ਨੂੰ ਦਰਸਾਉਂਦੀ ਹੈ, ਜੋ ਬੱਚਿਆਂ ਨਾਲ ਜਾਣੂ ਲੋਕਾਂ ਦੁਆਰਾ ਪਛਾਣੀਆਂ ਜਾ ਸਕਦੀਆਂ ਹਨ।
(D) ਰੋਣਾ ਬੇਤਰਤੀਬ ਹੁੰਦਾ ਹੈ ਅਤੇ ਇਸ ਦਾ ਬੱਚੇ ਦੀਆਂ ਲੋੜਾਂ ਨਾਲ ਕੋਈ ਸਬੰਧ ਨਹੀਂ ਹੁੰਦਾ।

19. Despite its unpleasant aspects, jealousy can have a constructive role because it :
(A) Leads to fights and misunderstandings
(B) Acts as a source of motivation by causing competition
(C) Always creates negative feelings
(D) Causes children to isolate themselves

ਇਸਦੇ ਕੋਝੇ ਪਹਿਲੂਆਂ ਦੇ ਬਾਵਜੂਦ, ਈਰਖਾ ਦੀ ਰਚਨਾਤਮਕ ਭੂਮਿਕਾ ਹੋ ਸਕਦੀ ਹੈ ਕਿਉਂਕਿ ਇਹ:
(A) ਝਗੜੇ ਅਤੇ ਗ਼ਲਤਫ਼ਹਿਮੀਆਂ ਵੱਲ ਅਗਵਾਈ ਕਰਦੀ ਹੈ
(B) ਮੁਕਾਬਲਾ ਪੈਦਾ ਕਰਕੇ ਪ੍ਰੇਰਣਾ ਦੇ ਸਰੋਤ ਵਜੋਂ ਕੰਮ ਕਰਦੀ ਹੈ
(C) ਹਮੇਸ਼ਾ ਨਕਾਰਾਤਮਕ ਭਾਵਨਾਵਾਂ ਪੈਦਾ ਕਰਦੀ ਹੈ
(D) ਬੱਚਿਆਂ ਲਈ ਆਪਣੇ ਆਪ ਨੂੰ ਅਲੱਗ-ਥਲੱਗ ਕਰਨ ਦਾ ਕਾਰਨ ਬਣਦੀ ਹੈ

20. Which of the following statements about intelligence is correct ?
(A) Intelligence is entirely inherited from parents.
(B) Intelligence is completely learned from the environment.
(C) Intelligence is innate but not inherited like property or wealth.
(D) Intelligence cannot be influenced by heredity or environment.
ਬੁੱਧੀ ਬਾਰੇ ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀ ਹੈ ?
(A) ਬੁੱਧੀ ਪੂਰੀ ਤਰ੍ਹਾਂ ਮਾਪਿਆਂ ਤੋਂ ਵਿਰਾਸਤ ਵਿਚ ਮਿਲਦੀ ਹੈ ।
(B) ਬੁੱਧੀ ਪੂਰੀ ਤਰ੍ਹਾਂ ਵਾਤਾਵਰਨ ਤੋਂ ਸਿੱਖੀ ਜਾਂਦੀ ਹੈ ।
(C) ਬੁੱਧੀ ਪੈਦਾਇਸ਼ੀ ਹੁੰਦੀ ਹੈ ਪਰ ਜਾਇਦਾਦ ਜਾਂ ਦੌਲਤ ਵਾਂਗ ਵਿਰਾਸਤ ਵਿੱਚ ਨਹੀਂ ਮਿਲਦੀ
(D) ਬੁੱਧੀ ਨੂੰ ਵਿਰਾਸਤ ਜਾਂ ਵਾਤਾਵਰਣ ਦੁਆਰਾ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ

21. The ability to apply problem-solving methods appropriate to one's cultural context and to use them in new domains is called :
(A) Fluid intelligence
(B) Practical intelligence
(C) Crystallized intelligence
(D) Emotional intelligence
ਕਿਸੇ ਦੇ ਸੱਭਿਆਚਾਰਕ ਸੰਦਰਭ ਵਿਚ ਸਮੱਸਿਆ-ਹੱਲ ਕਰਨ ਲਈ ਉਚਿਤ ਢੰਗਾਂ ਨੂੰ ਲਾਗੂ ਕਰਨ ਅਤੇ ਉਹਨਾਂ ਨੂੰ ਨਵੇਂ ਖੇਤਰਾਂ ਵਿੱਚ ਵਰਤਣ ਦੀ ਯੋਗਤਾ ਨੂੰ ਕਿਹਾ ਜਾਂਦਾ ਹੈ :
(A) ਤਰਲ ਬੁੱਧੀ
(B) ਵਿਹਾਰਕ ਬੁੱਧੀ
(C) ਸੰਚਿਤ ਬੁੱਧੀ
(D) ਭਾਵਾਤਮਕ ਬੁੱਧੀ

22. Which of the following statements about child growth is correct ?
(A) A child grows a fixed number of pounds every year.
(B) Growth is irregular and occurs in cycles or waves.
(C) Growth stops after infancy.
(D) Growth occurs only due to exercise.
ਬੱਚੇ ਦੇ ਵਿਕਾਸ ਬਾਰੇ ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜਾ ਸਹੀ ਹੈ ?
(A) ਇੱਕ ਬੱਚਾ ਹਰ ਸਾਲ ਪੌਂਡ ਦੀ ਇੱਕ ਨਿਸ਼ਚਿਤ ਗਿਣਤੀ ਵਿਚ ਵਧਦਾ ਹੈ
(B) ਵਾਧਾ ਅਨਿਯਮਿਤ ਹੁੰਦਾ ਹੈ ਅਤੇ ਇਹ ਚੱਕਰਾਂ ਜਾਂ ਤਰੰਗਾਂ ਵਿੱਚ ਹੁੰਦਾ ਹੈ
(C) ਬਚਪਨ ਤੋਂ ਬਅਦ ਵਿਕਾਸ ਰੁਕ ਜਾਂਦਾ ਹੈ
(D) ਕਸਰਤ ਕਰਨ ਨਾਲ ਹੀ ਵਿਕਾਸ ਹੁੰਦਾ ਹੈ

23. The process by which a child learns the rules of society, including learning to behave, playing approved social roles, and developing social attitudes, is called :
(A) Enculturation
(B) Conditioning
(C) Socialisation
(D) Cognitive development
ਉਹ ਪ੍ਰਕਿਰਿਆ, ਜਿਸ ਦੁਆਰਾ ਇੱਕ ਬੱਚਾ ਸਮਾਜ ਦੇ ਨਿਯਮਾਂ ਨੂੰ ਸਿੱਖਦਾ ਹੈ, ਜਿਸ ਵਿੱਚ ਵਿਹਾਰ ਕਰਨਾ ਸਿੱਖਣਾ, ਪ੍ਰਮਾਣਿਤ ਸਮਾਜਿਕ ਭੂਮਿਕਾਵਾਂ ਨਿਭਾਉਣਾ ਅਤੇ ਸਮਾਜਿਕ ਰਵੱਈਏ ਦਾ ਵਿਕਾਸ ਕਰਨਾ ਸ਼ਾਮਲ ਹੈ, ਉਸ ਨੂੰ ਕਿਹਾ ਜਾਂਦਾ ਹੈ :
(A) ਸਭਿਆਚਾਰੀਕਰਨ
(B) ਅਨੁਕੂਲਨ
(C) ਸਮਾਜੀਕਰਨ
(D) ਬੋਧਾਤਮਕ ਵਿਕਾਸ

24. The process of modelling one's behaviour on another person is called :
(A) Conditioning (B) Imitation (C) Socialisation (D) Observation
ਕਿਸੇ ਵਿਅਕਤੀ 'ਤੇ ਕਿਸੇ ਹੋਰ ਦੇ ਵਿਹਾਰ ਨੂੰ ਮਾਡਲ ਕਰਨ ਦੀ ਪ੍ਰਕਿਰਿਆ ਨੂੰ ਕਿਹਾ ਜਾਂਦਾ ਹੈ:
(A) ਅਨੁਕੂਲਨ (B) ਨਕਲ (C) ਸਮਾਜੀਕਰਨ (D) ਨਿਰੀਖਣ

25. Which of the following is best describing, "the desire to direct his/her attention and energy in a particular way which originates from the child himself/herself" ?
(A) Extrinsic motivation (B) Intrinsic motivation
(C) Social motivation (D) External reinforcement
ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਵਰਣਨ ਕਰਦਾ ਹੈ, "ਉਸਦੇ ਧਿਆਨ ਅਤੇ ਊਰਜਾ ਨੂੰ ਇੱਕ ਖਾਸ ਤਰੀਕੇ ਨਾਲ ਨਿਰਦੇਸ਼ਿਤ ਕਰਨ ਦੀ ਇੱਛਾ, ਜੋ ਬੱਚੇ ਦੁਆਰਾ ਆਪਣੇ ਆਪ ਤੋਂ ਪੈਦਾ ਹੁੰਦੀ ਹੈ" ?
(A) ਬਾਹਰੀ ਪ੍ਰੇਰਣਾ (B) ਅੰਦਰੂਨੀ ਪ੍ਰੇਰਣਾ
(C) ਸਮਾਜਿਕ ਪ੍ਰੇਰਣਾ (D) ਬਾਹਰੀ ਪੁਨਰਮਜ਼ਬੂਤੀ

26. Who is considered the developer of the first intelligence test ?
(A) Sigmund Freud (B) Alfred Binet (C) Jean Piaget (D) Lewis Terman
ਪਹਿਲੇ ਬੁੱਧੀ ਪਰੀਖਣ ਦਾ ਵਿਕਾਸਕਰਤਾ ਕਿਸ ਨੂੰ ਮੰਨਿਆ ਜਾਂਦਾ ਹੈ ?
(A) ਸਿਗਮੰਡ ਫਰਾਇਡ (B) ਅਲਫ੍ਰੇਡ ਬਿਨੇਟ (C) ਜੀਨ ਪਿਆਜੇ (D) ਲੁਈਸ ਟਰਮਨ

27. What is the full form of ADHD ?
(A) Attention Deficit Hyperactivity Disorder
(B) Active Disorder of Hyperactivity and Deficit
(C) Attention Directed Hyperactivity Disease
(D) Alertness Deficit Hyperactivity Dysfunction
ADHD ਦਾ ਪੂਰਾ ਰੂਪ ਕੀ ਹੈ ?
(A) ਅਟੈਂਨਸ਼ਨ ਡੈਫੀਸਿਟ ਹਾਈਪਰਐਕਟੀਵਿਟੀ ਡਿਸਆਰਡਰ
(B) ਐਕਟਿਵ ਡਿਸਆਰਡਰ ਆਫ ਹਾਈਪਰਐਕਟੀਵਿਟੀ ਐਂਡ ਡੈਫੀਸਿਟ
(C) ਅਟੈਂਸ਼ਨ ਡਾਇਰੇਕਟਡ ਹਾਈਪਰਐਕਟੀਵਿਟੀ ਡਿਸੀਜ਼
(D) ਅਲਰਟਨੈਸ ਡੈਫੀਸਿਟ ਹਾਈਪਰਐਕਟੀਵਿਟੀ ਡਿਸਫੰਕਸ਼ਨ

28. According to Instinct Theory (1908) of William McDougall, the number of primary emotions that correspond to instincts is :
(A) 10 (B) 12 (C) 14 (D) 16
ਵਿਲੀਅਮ ਮੈਕਡੌਗਲ ਦੇ ਮੂਲ ਪ੍ਰਵਿਰਤੀ ਸਿਧਾਂਤ (1908) ਅਨੁਸਾਰ, ਪ੍ਰਵਿਰਤੀਆਂ ਨਾਲ ਮੇਲ ਖਾਂਦੀਆਂ ਮੁੱਢਲੀਆਂ ਭਾਵਨਾਵਾਂ ਦੀ ਗਿਣਤੀ ਇਹ ਹੈ :
(A) 10 (B) 12 (C) 14 (D) 16

29. In which method of teaching are students not taught through traditional classroom lectures, but are given subjects according to their interests and assign the work to complete within a fixed time period (15 days to a month) ?
(A) Lecture Method (B) Practical Method
(C) Dalton Plan (D) Demonstration Method
ਅਧਿਆਪਨ ਦੀ ਕਿਹੜੀ ਵਿਧੀ ਵਿੱਚ ਵਿਦਿਆਰਥੀਆਂ ਨੂੰ ਰਵਾਇਤੀ ਕਲਾਸਰੂਮ ਭਾਸ਼ਣਾਂ ਰਾਹੀਂ ਨਹੀਂ ਸਿਖਾਇਆ ਜਾਂਦਾ ਹੈ, ਪਰ ਉਹਨਾਂ ਦੀ ਰੁਚੀ ਦੇ ਅਨੁਸਾਰ ਵਿਸ਼ੇ ਦਿੱਤੇ ਜਾਂਦੇ ਹਨ ਅਤੇ ਇੱਕ ਨਿਸ਼ਚਿਤ ਸਮੇਂ ਦੀ ਮਿਆਦ (15 ਦਿਨ ਤੋਂ ਇੱਕ ਮਹੀਨੇ) ਵਿੱਚ ਪੂਰਾ ਕਰਨ ਲਈ ਕੰਮ ਸੌਂਪਿਆ ਜਾਂਦਾ ਹੈ ?
(A) ਭਾਸ਼ਣ ਵਿਧੀ (B) ਵਿਹਾਰਕ ਵਿਧੀ (C) ਡਾਲਟਨ ਯੋਜਨਾ (D) ਪ੍ਰਦਰਸ਼ਨ ਵਿਧੀ

30. The Zone of Proximal Development (ZPD) was proposed by :
(A) Jean Piaget (B) B.F. Skinner
(C) Lev Vygotsky (D) Albert Bandura
ਨਜ਼ਦੀਕੀ ਵਿਕਾਸ ਦਾ ਖੇਤਰ (ZPD) ਇਸ ਦੁਆਰਾਂ ਪ੍ਰਸਤਾਵਿਤ ਕੀਤਾ ਗਿਆ ਸੀ :
(A) ਜੀਨ ਪਿਆਜੇ (B) ਬੀ.ਐਫ. ਸਕਿਨਰ
(C) ਲੇਵ ਵਿਗੋਤਸਕੀ (D) ਅਲਬਰਟ ਬੈਂਡੂਰਾ

## Language I (Punjabi)
## ਪੰਜਾਬੀ ਭਾਸ਼ਾ

31. ਇੱਕ ਚੰਗੀ ਪਾਠ-ਪੁਸਤਕ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਗੁਣ ਹੋਣਾ ਬਹੁਤ ਜ਼ਰੂਰੀ ਹੈ ?
   (A) ਵਿਆਕਰਨ ਸ਼ੁੱਧ ਹੋਵੇ
   (B) ਵਿਸ਼ਾ-ਵਸਤੂ ਬੱਚਿਆਂ ਦੇ ਅਨੁਰੂਪ ਹੋਵੇ
   (C) ਭਾਸ਼ਾ-ਸ਼ੈਲੀ ਸਰਲ ਤੇ ਸਪੱਸ਼ਟ ਹੋਵੇ
   (D) ਉਪਰੋਕਤ ਸਾਰੇ

32. ਭਾਸ਼ਾ ਅਧਿਆਪਨ ਵਿੱਚ 'ਸੌਖੇ ਤੋਂ ਮੁਸ਼ਕਲ' ਦਾ ਸਿਧਾਂਤ ਕਿਸ ਗੱਲ 'ਤੇ ਆਧਾਰਿਤ ਹੈ ?
   (A) ਵਿਦਿਆਰਥੀ ਦੀ ਯਾਦਸ਼ਕਤੀ
   (B) ਮਨੋਵਿਗਿਆਨਕ ਕ੍ਰਮ
   (C) ਪਾਠ ਪੁਸਤਕ ਦੀ ਬਣਤਰ
   (D) ਅਧਿਆਪਕ ਦੀ ਸਹੂਲਤ

33. ਹੇਠ ਲਿਖਿਆਂ ਵਿੱਚੋਂ ਕਿਹੜੇ ਉਤਪਾਦਕ ਕੌਸ਼ਲ ਹਨ ?
   (A) ਸੁਣਨਾ, ਪੜ੍ਹਣਾ
   (B) ਲਿਖਣਾ, ਸੁਣਨਾ
   (C) ਲਿਖਣਾ, ਬੋਲਣਾ
   (D) ਬੋਲਣਾ, ਸੁਣਨਾ

34. ਭਾਸ਼ਾ ਸਿੱਖਣ ਦਾ ਕਿਹੜਾ ਸਿਧਾਂਤ ਬੱਚਾ-ਕੇਂਦਰਿਤ ਮੰਨਿਆ ਜਾਂਦਾ ਹੈ ?
   (A) ਵਿਆਕਰਨ-ਅਨੁਵਾਦ ਪੱਧਤੀ
   (B) ਵਿਹਾਰਵਾਦੀ ਪੱਧਤੀ
   (C) ਸੰਚਾਰਾਤਮਕ ਪੱਧਤੀ
   (D) ਸੰਰਚਨਾਵਾਦੀ ਪੱਧਤੀ

35. ਭਾਸ਼ਾਈ ਗ਼ਲਤੀਆਂ ਨੂੰ ਅਧਿਆਪਕ ਨੂੰ ਕਿਵੇਂ ਦੇਖਣਾ ਚਾਹੀਦਾ ਹੈ ?
   (A) ਸਜ਼ਾ ਦੇ ਯੋਗ
   (B) ਅਸਫਲਤਾ ਦੀ ਨਿਸ਼ਾਨੀ
   (C) ਸਿੱਖਣ ਦੀ ਕੁਦਰਤੀ ਪ੍ਰਕਿਰਿਆ
   (D) ਅਣਡਿੱਠਾ ਕਰਨਾ

36. ਪੰਜਾਬੀ ਪਾਠ-ਪੁਸਤਕ ਦਾ ਮੁੱਖ ਉਦੇਸ਼ ਕੀ ਹੋਣਾ ਚਾਹੀਦਾ ਹੈ ?
   (A) ਕੇਵਲ ਸਿਲੇਬਸ ਪੂਰਾ ਕਰਨਾ
   (B) ਵਿਆਕਰਨ ਦੇ ਨਿਯਮ ਰਟਵਾਉਣਾ
   (C) ਭਾਸ਼ਾਈ ਅਤੇ ਸੰਚਾਰਕ ਯੋਗਤਾ ਵਿਕਸਿਤ ਕਰਨੀ
   (D) ਇਮਤਿਹਾਨੀ ਤਿਆਰੀ ਕਰ਼ਵਾਉਣਾ

37. ਉਪਚਾਰਕ ਅਧਿਆਪਨ ਦਾ ਮੁੱਖ ਉਦੇਸ਼ ਕੀ ਹੈ ?
   (A) ਹੋਣਹਾਰ ਵਿਦਿਆਰਥੀਆਂ ਨੂੰ ਅੱਗੇ ਵਧਾਉਣਾ
   (B) ਕਮਜ਼ੋਰ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦੂਰ ਕਰਨਾ
   (C) ਪਾਠ ਤੇਜ਼ੀ ਨਾਲ ਪੂਰਾ ਕਰਨਾ
   (D) ਸਜ਼ਾ ਦੇਣਾ

ਹੇਠ ਲਿਖੀ ਵਾਰਤਕ ਟੁਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ । (ਪ੍ਰਸ਼ਨ 38-43)

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵੱਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪ੍ਰਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਏਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ :"ਦਾਲ ਮਾਂਹਾਂ ਦੀ, ਛਿੰਝ ਛਰਾਹਾਂ ਦੀ"। 'ਛਿੰਝ ਛਰਾਹਾਂ ਦੀ' ਨਾਂ ਨਾਲ ਮਸ਼ਹੂਰ ਸਾਰੇ ਵਰਗਾਂ ਦਾ ਸਾਂਝਾ ਇਹ ਮੇਲਾ ਜਿੱਥੇ ਇਲਾਕੇ ਦੀ ਵਿਰਾਸਤੀ ਨਿਸ਼ਾਨੀ ਹੈ, ਉੱਥੇ ਧਾਰਮਿਕ, ਸੱਭਿਆਚਾਰਿਕ ਅਤੇ ਇਤਿਹਾਸਿਕ ਪੱਖੋਂ ਵੀ ਇਸ ਦਾ ਖ਼ਾਸ ਮਹੱਤਵ ਹੈ। ਮੇਲੇ ਵਾਲੇ ਸਥਾਨ ਅਚਲਪੁਰ ਨੂੰ ਵੱਖ-ਵੱਖ ਇਲਾਕਿਆਂ ਤੋਂ ਛੇ ਪਗਡੰਡੀਆਂ ਆ ਕੇ ਮਿਲਦੀਆਂ ਸਨ । ਲੋਕ ਪੈਦਲ ਹੀ ਸਫ਼ਰ ਕਰਦੇ ਸਨ । ਛੇ ਰਾਹਾਂ ਦਾ ਕੇਂਦਰ-ਬਿੰਦੂ ਹੋਣ ਕਰ ਕੇ ਇਸ ਮੇਲੇ ਦਾ ਨਾਂ 'ਛਿੰਝ ਛਰਾਹਾਂ ਦੀ' ਪੈ ਗਿਆ। ਕਈਆਂ ਦਾ ਇਹ ਵੀ ਖ਼ਿਆਲ ਹੈ ਕਿ ਛਰਾਹਾਂ ਸ਼ਬਦ ਸ਼ਾਹਾਂ ਤੋਂ ਬਣਿਆ ਹੈ। ਪੁਰਾਣੇ ਵੇਲਿਆਂ ਵਿੱਚ ਵੱਡੇ-ਵੱਡੇ ਸ਼ਾਹ-ਲੋਕ ਖੱਚਰਾਂ 'ਤੇ ਧਨ ਲੱਦ ਕੇ ਇਸ ਮੇਲੇ ਵਿੱਚ ਜੂਆ ਖੇਡਣ ਅਤੇ ਵਪਾਰ ਕਰਨ ਲਈ ਆਉਂਦੇ ਹੁੰਦੇ ਸਨ। ਪਿੰਡ ਦੇ ਲਹਿੰਦੇ ਪਾਸੇ ਚੁਫੇਰਿਓਂ ਪਿੱਪਲਾਂ, ਬੋਹੜਾਂ ਅਤੇ ਨਿੰਮਾਂ ਦੇ ਦਰਖ਼ਤਾਂ ਨਾਲ ਘਿਰਿਆ ਸਾਫ਼-ਸੁਥਰੇ ਵਾਤਾਵਰਨ 'ਚ ਸਥਿਤ ਸਿੱਧ ਬਾਬਾ ਬਾਲਕ ਰੂਪ ਜੀ (ਸਿੱਧ ਬਾਬਾ ਬਾਲਕ ਨਾਥ ਜੀ ਦਾ ਬਾਲ-ਰੂਪ) ਦਾ ਪ੍ਰਾਚੀਨ ਮੰਦਰ ਸਸ਼ੋਭਿਤ ਹੈ। ਮੇਲੇ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਸਭ ਤੋਂ ਪਹਿਲਾਂ ਇੱਥੇ ਨਤਮਸਤਕ ਹੁੰਦੀਆਂ ਹਨ। ਜਾਨ-ਮਾਲ ਦੀ ਸੁੱਖ-ਸਾਂਦ ਲਈ ਮੰਨਤਾਂ ਮੰਗਦੀਆਂ ਹਨ ਅਤੇ ਸੁੱਖਣਾ ਲਾਹੁੰਦੀਆਂ ਹਨ। ਲੋਕ ਵਾਜਿਆਂ-ਗਾਜਿਆਂ ਨਾਲ ਰਿਸ਼ਤੇਦਾਰਾਂ ਸਮੇਤ ਹਾਜ਼ਰੀਆਂ ਭਰਦੇ ਹਨ। ਮੇਲੇ ਵਾਲੇ ਐਤਵਾਰ ਤੋਂ ਮਹੀਨਾ ਪਹਿਲਾਂ ਚਾਰ ਜੱਗ ਕਰਵਾਏ ਜਾਂਦੇ ਹਨ। ਇਹ ਜੱਗ ਅਚਲਪੁਰ, ਮਜਾਰੀ, ਨੈਣਵਾਂ, ਇੰਦੋਵਾਲ ਅਤੇ ਝੋਣੇਵਾਲ ਆਦਿ ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੁੰਦੇ ਹਨ। ਮੇਲੇ ਦੇ ਸਾਰੇ ਦਿਨਾਂ ਵਿੱਚ ਅਤੁੱਟ ਲੰਗਰ ਚੱਲਦਾ ਹੈ। ਘਰਾਂ ਵਿੱਚ ਮਾਂਹਾਂ ਦੀ ਦਾਲ ਜ਼ਰੂਰ ਬਣਦੀ ਹੈ। ਮੇਲੇ ਦੇ ਪਹਿਲੇ ਦਿਨ ਪਹਿਲਵਾਨਾਂ ਦੇ ਘੋਲ ਕਰਵਾਏ ਜਾਂਦੇ ਹਨ। ਮੇਲੇ ਵਿੱਚ ਪੁਰਾਣੇ ਪੇਂਡੂ ਸੱਭਿਆਚਾਰ ਦੇ ਦਰਸ਼ਨ ਹੁੰਦੇ ਹਨ।

38. ਲੇਖਕ ਵੱਲੋਂ ਜਰਗ, ਛਪਾਰ ਅਤੇ ਜਗਰਾਵਾਂ ਦੀ ਰੋਸ਼ਨੀ ਦੇ ਮੇਲਿਆਂ ਦਾ ਉੱਲੇਖ ਕਰਨ ਦਾ ਮੁੱਖ ਉਦੇਸ਼ ਕੀ ਹੈ ?
   (A) ਪੰਜਾਬ ਦੇ ਸਾਰੇ ਮੇਲਿਆਂ ਦੀ ਸੂਚੀ ਦੇਣਾ
   (B) 'ਛਿੰਝ ਛਰਾਹਾਂ ਦੀ' ਮੇਲੇ ਦੀ ਮਹਾਨਤਾ ਘਟਾਉਣਾ
   (C) 'ਛਿੰਝ ਛਰਾਹਾਂ ਦੀ' ਮੇਲੇ ਨਾਲ ਤੁਲਨਾ ਕਰਕੇ ਉਸ ਦੀ ਅਣਗੌਲਤਾ ਦਰਸਾਉਣਾ
   (D) ਇਤਿਹਾਸਕ ਤੱਥ ਪੇਸ਼ ਕਰਨਾ

39. "ਇਹ ਮੇਲੇ ਪੰਜਾਬ ਦੇ ਘੁੱਗ ਵੱਸਦੇ ਇਲਾਕਿਆਂ ਵਿੱਚ ਲੱਗਦੇ ਹਨ"— ਇਸ ਵਾਕ ਦਾ ਅਰਥ ਕੀ ਹੈ ?
   (A) ਮੇਲੇ ਸਿਰਫ਼ ਸ਼ਹਿਰਾਂ ਵਿੱਚ ਲੱਗਦੇ ਹਨ ।
   (B) ਮੇਲੇ ਜੰਗਲਾਤੀ ਇਲਾਕੇ ਵਿੱਚ ਲੱਗਦੇ ਹਨ ।
   (C) ਮੇਲੇ ਆਬਾਦ ਅਤੇ ਰੌਣਕ ਭਰੇ ਇਲਾਕਿਆਂ ਵਿੱਚ ਲੱਗਦੇ ਹਨ ।
   (D) ਮੇਲੇ ਧਾਰਮਿਕ ਸਥਾਨਾਂ 'ਤੇ ਲੱਗਦੇ ਹਨ ।

40. 'ਛਿੰਝ ਛਰਾਹਾਂ ਦੀ' ਦਾ ਮੇਲਾ ਕਿੱਥੇ ਲੱਗਦਾ ਹੈ ?
(A) ਅਚਲਪੁਲ ਵਿਖੇ (B) ਅੱਲਾਵਲਪੁਰ ਵਿਖੇ (C) ਅਚਲਪੁਰ ਵਿਖੇ (D) ਅਲਵਰ ਵਿਖੇ

41. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਥ ਮੇਲੇ ਦੇ ਧਾਰਮਿਕ ਪੱਖ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਉਜਾਗਰ ਕਰਦਾ ਹੈ ?
(A) ਪਹਿਲਵਾਨਾਂ ਦੇ ਘੋਲ ਕਰਵਾਉਣਾ
(B) ਮਾਂਹਾਂ ਦੀ ਦਾਲ ਬਣਾਉਣ ਦੀ ਪਰੰਪਰਾ
(C) ਸਿੱਧ ਬਾਬਾ ਬਾਲਕ ਰੂਪ ਜੀ ਦੇ ਮੰਦਰ ਵਿੱਚ ਨਤਮਸਤਕ ਹੋਣਾ
(D) ਪੇਂਡੂ ਸੱਭਿਆਚਾਰ ਦੇ ਦਰਸ਼ਨ

42. ਹੇਠ ਲਿਖਿਆਂ ਵਿੱਚੋਂ ਕਿਹੜਾ ਤੱਥ 'ਛਿੰਝ ਛਰਾਹਾਂ ਦੀ' ਮੇਲੇ ਦੇ ਸਾਂਝੇ ਸੁਭਾਅ ਨੂੰ ਸਭ ਤੋਂ ਵਧੀਆ ਦਰਸਾਉਂਦਾ ਹੈ ?
(A) ਪਹਿਲਵਾਨਾਂ ਦੇ ਘੋਲ ਕਰਵਾਏ ਜਾਣਾ
(B) ਸਾਰੇ ਦਿਨ ਅਟੁੱਟ ਲੰਗਰ ਚੱਲਣਾ
(C) ਸਾਰੇ ਵਰਗਾਂ ਦਾ ਸਾਂਝਾ ਮੇਲਾ ਹੋਣਾ
(D) ਵਪਾਰ ਅਤੇ ਜੂਏ ਦੀ ਪਰੰਪਰਾ

43. ਉਪਰੋਕਤ ਵਾਰਤਕ ਦਾ ਕੇਂਦਰੀ ਭਾਵ ਕੀ ਹੈ ?
(A) ਪੰਜਾਬੀ ਮੇਲਿਆਂ ਦੀ ਆਲੋਚਨਾ
(B) ਇੱਕ ਅਣਪਛਾਤੇ ਮੇਲੇ ਦੀ ਮਹੱਤਤਾ ਨੂੰ ਉਜਾਗਰ ਕਰਨਾ
(C) ਧਾਰਮਿਕ ਰਸਮਾਂ ਦਾ ਵੇਰਵਾ
(D) ਪੇਂਡੂ ਜੀਵਨ ਦੀਆਂ ਮੁਸ਼ਕਿਲਾਂ

ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ। (ਪ੍ਰਸ਼ਨ 44-49)

ਪੰਜਾਬ! ਕਰਾਂ ਕੀ ਸਿਫ਼ਤ ਤੇਰੀ, ਸ਼ਾਨਾਂ ਦੇ ਸਭ ਸਾਮਾਨ ਤੇਰੇ,
ਜਲ, ਪੌਣ ਤੇਰਾ, ਹਰਿਔਲ ਤੇਰੀ, ਦਰਿਆ, ਪਰਬਤ, ਮੈਦਾਨ ਤੇਰੇ।
ਭਾਰਤ ਦੇ ਸਿਰ ਤੇ ਛਤ੍ਰ ਤੇਰਾ, ਤੇਰੇ ਸਿਰ ਛਤ੍ਰ ਹਿਮਾਲਾ ਦਾ,
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿੱਚ ਸੇਕ ਜੁਆਲਾ ਦਾ।
ਖੱਬੇ ਹੱਥ ਬਰਛੀ ਜਮਨਾ ਦੀ, ਸੱਜੇ ਹੱਥ ਖੜਗ ਅਟਕ ਦਾ ਹੈ,
ਪਿਛਵਾੜੇ ਬੰਦ ਚਟਾਨਾਂ ਦਾ, ਕੋਈ ਵੈਰੀ ਤੋੜ ਨਾ ਸਕਦਾ ਹੈ।
ਅਰਸ਼ੀ ਬਰਕਤ ਰੂ ਵਾਂਗ ਉੱਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ ਕੇ ਵਿੱਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।
ਤੂੰ ਅੰਦਰੋਂ-ਬਾਹਰੋਂ ਨਿੱਘਾ ਹੈਂ, ਨਾ ਗਰਮੀ ਹੈ ਨਾ ਪਾਲਾ ਹੈ,
ਨਾ ਬਾਹਰ ਕੋਈ ਦਿਖਲਾਵਾ ਹੈ, ਨਾ ਅੰਦਰ ਕਾਲਾ-ਕਾਲਾ ਹੈ।
ਜੋਬਨ ਵਿੱਚ ਝਲਕ ਜਲਾਲੀ ਹੈ, ਨੈਣਾਂ ਵਿੱਚ ਮਟਕ ਨਿਰਾਲੀ ਹੈ,
ਹਿੱਕਾਂ ਵਿੱਚ ਹਿੰਮਤ ਆਲੀ ਹੈ, ਚਿਹਰੇ ਤੇ ਗਿੱਠ-ਗਿੱਠ ਲਾਲੀ ਹੈ।
ਕਿਆ ਚੂੜੇ-ਬੀੜੇ ਫੱਬਦੇ ਨੇ, ਜੋਬਨ-ਮੱਤੀਆਂ ਮੁਟਿਆਰਾਂ ਦੇ,
ਜਦ ਪਾਣ ਮਧਾਣੀ ਚਾਟੀ ਵਿੱਚ, ਤਦ ਸ਼ੋਰ ਉੱਠਣ ਘੁਮਕਾਰਾਂ ਦੇ।
ਕੋਈ ਤੁੰਬਦੀ ਹੈ, ਕੋਈ ਕੱਤਦੀ ਹੈ, ਕੋਈ ਪੀਂਹਦੀ ਹੈ, ਕੋਈ ਛੜਦੀ ਹੈ।
ਕੋਈ ਸਿਉਂਦੀ, ਕੋਈ ਪਰੋਂਦੀ ਹੈ, ਕੋਈ ਵੇਲਾਂ, ਬੂਟੇ ਕੱਢਦੀ ਹੈ।
ਪਿੱਪਲਾਂ ਦੀ ਛਾਵੇਂ ਪੀਂਘਾਂ ਨੂੰ, ਕੁੱਦ-ਕੁੱਦ ਕੇ ਮਸਤੀ ਚੜ੍ਹਦੀ ਹੈ,
ਟੁੰਬਦਾ ਹੈ ਜੋਸ਼ ਜਵਾਨੀ ਨੂੰ, ਇੱਕ ਛੱਡਦੀ ਹੈ, ਇੱਕ ਫੜ੍ਹਦੀ ਹੈ।
ਜਦ ਰਾਤ ਚਾਨਣੀ ਖਿੜ੍ਹਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ,
ਗਿੱਧੇ ਨੂੰ ਲੋਹੜਾ ਆਂਦਾ ਹੈ, ਜੋਬਨ ਤੇ ਬਿਰਹਾ ਭਿੜਦਾ ਹੈ।

44. ਕਵੀ ਨੇ ਪੰਜਾਬ ਨੂੰ 'ਭਾਰਤ ਦੇ ਸਿਰ ਤੇ ਛਤ੍ਰ' ਕਹਿ ਕੇ ਕਿਹੜਾ ਭਾਵ ਉਜਾਗਰ ਕੀਤਾ ਹੈ ?
(A) ਪੰਜਾਬ ਦੀ ਭੂਗੋਲਿਕ ਉਚਾਈ
(B) ਪੰਜਾਬ ਦੀ ਰਾਜਨੀਤਿਕ ਤਾਕਤ
(C) ਪੰਜਾਬ ਦੀ ਰੱਖਿਆਤਮਕ ਅਤੇ ਕੇਂਦਰੀ ਮਹੱਤਤਾ
(D) ਪੰਜਾਬ ਦੀ ਆਬਾਦੀ

45. ਕਵੀ ਦੇ ਦ੍ਰਿਸ਼ਟੀਕੋਣ ਤੋਂ ਪੰਜਾਬ ਦੀ ਅਸਲੀ ਤਾਕਤ ਕੀ ਹੈ ?
(A) ਹਥਿਆਰ
(B) ਹਿਮਾਲਾ
(C) ਧਨ-ਦੌਲਤ
(D) ਲੋਕਾਂ ਦੀ ਹਿੰਮਤ ਅਤੇ ਸਾਫ਼ਦਿਲੀ

46. ਕਵਿਤਾ ਵਿੱਚ ਪੰਜਾਬੀ ਨਾਰੀ ਦੀ ਤਸਵੀਰ ਕਿਹੜੇ ਰੂਪ ਵਿੱਚ ਪੇਸ਼ ਕੀਤੀ ਗਈ ਹੈ ?
(A) ਸਿਰਫ਼ ਸੌਂਦਰਯਕ ਰੂਪ ਵਿੱਚ
(B) ਕਮਜ਼ੋਰ ਅਤੇ ਨਿਰਭਰ
(C) ਮਿਹਨਤੀ, ਹਿੰਮਤਵਾਨ ਅਤੇ ਜੀਵਨਸ਼ੀਲ
(D) ਆਧੁਨਿਕ ਅਤੇ ਸ਼ਹਿਰੀ

47. ਪਿੱਪਲਾਂ ਦੀ ਛਾਂਵੇਂ ਪੀਂਘਾਂ ਦਾ ਵਰਣਨ ਕਿਸ ਅਨੁਭੂਤੀ ਨੂੰ ਦਰਸਾਉਂਦਾ ਹੈ ?
(A) ਧਾਰਮਿਕ ਅਨੁਭਵ
(B) ਬਚਪਨ ਦੀ ਯਾਦ
(C) ਯੁਵਾ-ਅਵਸਥਾ ਦੀ ਮਸਤੀ ਅਤੇ ਊਰਜਾ
(D) ਪ੍ਰਕ੍ਰਿਤੀ ਦਾ ਡਰ

48. 'ਚਾਂਦੀ ਢਲ ਕੇ ਵਿੱਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ' ਪੰਕਤੀ ਕਿਸ ਗੁਣ ਵੱਲ ਇਸ਼ਾਰਾ ਕਰਦੀ ਹੈ ?
(A) ਪੰਜਾਬ ਦੀ ਉਦਯੋਗਿਕ ਪ੍ਰਗਤੀ
(B) ਮਿੱਟੀ ਦੀ ਖਾਦਰਤਾ ਅਤੇ ਖੇਤੀਬਾੜੀ ਦੀ ਸਮ੍ਰਿੱਧੀ
(C) ਵਪਾਰਕ ਲੈਣ-ਦੇਣ
(D) ਲੋਕਧਨ ਦੀ ਬਚਤ

49. ਕਵਿਤਾ ਵਿੱਚ 'ਗਿੱਧੇ' ਅਤੇ 'ਬਿਰਹੋ' ਦਾ ਸੰਯੋਗ ਕਿਸ ਸੱਚਾਈ ਨੂੰ ਉਭਾਰਦਾ ਹੈ ?
(A) ਸਿਰਫ਼ ਮਨੋਰੰਜਨ
(B) ਜੀਵਨ ਦੀ ਖੁਸ਼ੀ ਅਤੇ ਵਿਛੋੜੇ ਦੀ ਪੀੜ ਇਕੱਠੇ
(C) ਲੋਕ-ਨਾਚ ਦੀ ਰੀਤ
(D) ਰਾਤ ਦੇ ਸਮੇਂ ਦੀ ਸੁੰਦਰਤਾ

50. 'ਔਰਤ' ਸ਼ਬਦ ਲਈ ਮਲਵਈ ਉਪ-ਭਾਸ਼ਾ ਵਿੱਚ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ ?
(A) ਮੁਟਿਆਰ
(B) ਤੀਵੀਂ
(C) ਜ਼ਨਾਨੀ
(D) ਇਸਤਰੀ

51. ਪੰਜਾਬੀ ਭਾਸ਼ਾ ਵਿਚ 'ਵ' ਤੇ 'ਯ' ਕੀ ਹਨ ?
(A) ਵਿਅੰਜਨ
(B) ਸਵਰ
(C) ਅਰਧ ਸਵਰ
(D) ਨਾਸਕੀ

52. 'ਪਰ' ਕਿਸ ਪ੍ਰਕਾਰ ਦਾ ਸ਼ਬਦ ਹੈ ?

(A) ਵਿਕਾਰੀ (B) ਸਮਾਸੀ (C) ਰਚਿਤ (D) ਅਵਿਕਾਰੀ

53. "ਉਹ ਕਮਰੇ ਵਿੱਚ ਬੈਠੇ ਹਨ।" ਇਸ ਵਾਕ ਵਿੱਚ 'ਕਮਰੇ ਵਿੱਚ' __________ ਦੀ ਉਦਾਹਰਨ ਹੈ।

(A) ਕਰਤਾ ਕਾਰਕ (B) ਅਧਿਕਰਨ ਕਾਰਕ

(C) ਸੰਬੰਧ ਕਾਰਕ (D) ਅਪਾਦਾਨ ਕਾਰਕ

54. ਇਸ ਵਾਕ ਵਿੱਚ ਕਿਰਿਆ-ਵਿਸ਼ੇਸ਼ਣ ਦੀ ਕਿਸਮ ਪਛਾਣੋ: "ਬੱਚੇ ਮੈਦਾਨ ਵਿੱਚ ਦੌੜ ਰਹੇ ਹਨ।"

(A) ਸਥਾਨ ਵਾਚਕ (B) ਕਾਲ ਵਾਚਕ (C) ਸੰਖਿਆ ਵਾਚਕ (D) ਪਰਿਮਾਣ ਵਾਚਕ

55. ਜ਼ਿਲ੍ਹਾ ਫ਼ਰੀਦਕੋਟ, ਬਰਨਾਲਾ, ਲੁਧਿਆਣਾ ਤੇ ਸੰਗਰੂਰ ਵਿੱਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?

(A) ਮਾਝੀ (B) ਮਲਵਈ (C) ਦੁਆਬੀ (D) ਪੋਠੋਹਾਰੀ

56. 'ਨਿੱਕੀ ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ' ਕੀ ਹੈ ?

(A) ਘੋੜੀ ਹੈ (B) ਸੁਹਾਗ ਹੈ (C) ਸਿੱਠਣੀ ਹੈ (D) ਗੀਤ ਹੈ

57. ਭਾਸ਼ਾ ਦੀ ਜਮਾਤ 'ਚ ਸਿੱਖਣ-ਸਿਖਾਉਣ ਲਈ ਉਤਸ਼ਾਹਿਤ ਕਰਨ ਵਾਲਾ ਮਾਹੌਲ ਉੱਥੇ ਵਧੇਰੇ ਹੁੰਦਾ ਹੈ :

(A) ਜਿੱਥੇ ਜਮਾਤ 'ਚ ਭਾਸ਼ਾ ਦੀ ਸ਼ੁੱਧਤਾ 'ਤੇ ਵਧੇਰੇ ਬਲ ਦਿੱਤਾ ਜਾਵੇ।

(B) ਜਿੱਥੇ ਜਮਾਤ 'ਚ ਬੱਚਿਆਂ ਨੂੰ ਉਨ੍ਹਾਂ ਦੀ ਗੱਲ ਕਹਿਣ ਤੇ ਸੁਣਨ ਦਾ ਵਧੇਰੇ ਮੌਕਾ ਦਿੱਤਾ ਜਾਏ।

(C) ਜਿੱਥੇ ਜਮਾਤ ਦੀਆਂ ਕੰਧਾਂ 'ਤੇ ਸੁੰਦਰ ਉਕਤੀਆਂ ਲਿਖੀਆਂ ਹੋਣ।

(D) ਜਿੱਥੇ ਜਮਾਤ ਦੀਆਂ ਕੰਧਾਂ 'ਤੇ ਬਹੁਤ ਸਾਰੇ ਚਾਰਟ ਲੱਗੇ ਹੋਣ।

58. ਨੋਮ ਚੌਮਸਕੀ ਦੇ ਅਨੁਸਾਰ ਭਾਸ਼ਾ ਸਿੱਖਣ ਦਾ ਮੁੱਖ ਆਧਾਰ ਕੀ ਹੈ ?

(A) ਵਿਹਾਰਵਾਦ (B) ਅਨੁਕਰਣ

(C) ਜਨਮਜਾਤ ਭਾਸ਼ਾਈ ਸਮਰੱਥਾ (D) ਯਾਦਸ਼ਕਤੀ

59. ਭਾਸ਼ਾ ਨੂੰ ਸਿੱਖਣ ਲਈ ਭਾਸ਼ਾ ਦੇ ਨਿਯਮਾਂ ਦਾ ਅਧਿਐਨ __________ ਹੈ ?

(A) ਉਪਭਾਸ਼ਾ (B) ਲਿੱਪੀ (C) ਵਿਆਕਰਨ (D) ਕਾਰਜ-ਸ਼ੈਲੀ

60. ਪ੍ਰਭਾਵਸ਼ਾਲੀ ਸਿੱਖਣ ਕਦੋਂ ਵਾਪਰਦਾ ਹੈ ?

(A) ਜਦੋਂ ਵਿਦਿਆਰਥੀ ਅੰਤਰ-ਕਿਰਿਆ ਕਰਦੇ ਹਨ।

(B) ਜਦੋਂ ਵਿਦਿਆਰਥੀ ਚੁੱਪ ਬੈਠੇ ਹੁੰਦੇ ਹਨ।

(C) ਜਦੋਂ ਵਿਦਿਆਰਥੀ ਪ੍ਰੀਖਿਆ ਦੀ ਤਿਆਰੀ ਕਰਦੇ ਹਨ।

(D) ਉਪਰੋਕਤ ਕੋਈ ਨਹੀਂ

## Language II (English)

61. __________ in language refers to the periodic recurrence of certain complexes or patterns of sound in utterances constituting a text.
(A) Phonetics (B) Rhythm (C) Prefix (D) Suffix

62. There are _______ vowel phonemes in RP (Received pronunciation) English.
(A) 20 (B) 21 (C) 22 (D) 24

63. On the basis of place of articulation, /b/ sound in 'bit' is
(A) Nasal (B) Affricate (C) Plosive (D) Lateral

64. Which reading sub-skill involves searching a text like a telephone directory or advertisement for specific information ?
(A) Reading for inference (B) Extended reading
(C) Reading aloud (D) Scanning

65. A ________ is that form of the verb which partakes of the nature both of a verb and of an adjective.
(A) Grammar (B) Phonemes (C) Syllable (D) Participle

66. According to NCERT, scientific study of language helps children to develop :
(A) Handwriting skills (B) Cognitive abilities
(C) Examination techniques (D) Accent

67. In ________ method of teaching of grammar, rules are first taught to the students and the examples are given afterwards.
(A) Inductive (B) Deductive (C) Prescriptive (D) Descriptive

68. From a learning perspective, banning the use of mother tongue (L1) in the Direct Method mainly aims to :
(A) Reduce teacher workload
(B) Improve writing accuracy
(C) Maximize exposure to the target language
(D) Promote translation skills

69. A teacher asks students to memorize grammar rules and translate passages from English to Hindi. Which conclusion best explains this classroom practice ?
(A) The teacher follows communicative language teaching.
(B) The teacher applies principles of the Direct Method.
(C) The teacher is using the Grammar Translation Method.
(D) None of these

70. Which renowned linguist proposed the concept of Universal Grammar ?
(A) B.F. Skinner (B) Jean Piaget
(C) Lev Vygotsky (D) Noam Chomsky

71. Find the word nearest in meaning to "repudiate" :

(A) Reject (B) Accept (C) Explain (D) Support

72. Find the word opposite in meaning to "gripe" :

(A) Complain (B) Protest (C) Grumble (D) Praise

73. _______ great Caesar : _______ immortal Shakespeare.

Choose the appropriate pair of articles for the blanks.

(A) a, a (B) a, an (C) The, an (D) The, The

74. The actions taken after diagnosis to help children overcome their learning difficulties are called :

(A) Evaluation (B) Remedial Teaching

(C) Reinforcement (D) Testing

Read the passage carefully and answer the questions **(75-82)** that follow by choosing the best alternative :

The other day we heard someone smilingly refer to poets as dreamers. Now, it is accurate to refer to poet as dreamers, but it is not discerning to infer, as this person did, that the dreams of poets have no practical value beyond the realm of literary diversion. The truth is that poets are just as practical as people who build bridges or look into microscopes; and just as close to reality and truth. Where they differ from the logician and the scientist is in the temporal sense alone; they are ahead of their time, whereas the logicians and scientists are abreast of their time. We must not be so superficial that we fail to discern the practicableness of dreams. Dreams are the sunrise streamers heralding a new day of scientific progress, another forward surge. Every forward step man takes in any field of life, is first taken along the dreamy paths of imagination. Robert Fulton did not discover his steamboat with full steam up, straining at a hawser at some Hudson River dock; first he dreamed the steamboat, he and other dreamers, and then scientific wisdom converted a picture in the mind into a reality of steel and wood. The automobile was not dug out of the ground like a nugget of gold; first men dreamed the automobile and afterward, long afterward, the practical-minded engineers caught up with what had been created by winging fantasy. He who looks deeply with a seeing eye into the poetry of yesterday finds there all the cold scientific magic of today and much which we shall not enjoy until some tomorrow. If the poet does not dream so clearly that blueprints of this vision can immediately be drawn and the practical conversions immediately effected, he must not for that reason be smiled upon as merely the mental host for a sort of harmless madness. For the poet, like the engineer, is a specialist. His being, tuned to the life of tomorrow, cannot be turned simultaneously to the life of today. To the scientist he says, "Here, I give you a flash of the future." The wise scientist thanks him, and takes that flash of the future and makes it over into a fibre of today.

**Comprehension Questions**

75. According to the passage, how are poets similar to scientists and engineers ?
    (A) They work in laboratories.
    (B) They deal only with facts.
    (C) They are equally close to reality and truth.
    (D) They reject imagination.

76. In what way do poets differ from logicians and scientists ?
    (A) They lack discipline.
    (B) They live in the past.
    (C) They ignore practical needs.
    (D) They are ahead of their time.

77. According to the writer, what can be found in the poetry of the past ?
    (A) Scientific ideas of the present and future
    (B) Outdated ideas
    (C) Only emotions and fantasies
    (D) Historical facts

78. What is meant by the phrase "Dreams are the sunrise streamers heralding a new day" ?
    (A) Dreams are meaningless illusions.
    (B) Dreams predict natural phenomena.
    (C) Dreams signal future progress.
    (D) Dreams belong only to poets.

79. Why does the author say the automobile was not "dug out of the ground like a nugget of gold" ?
    (A) It was expensive to make.
    (B) It was first imagined before being created.
    (C) It required physical labour.
    (D) It was found accidentally.

80. Why does the author say poets should not be treated as having "harmless madness" ?
    (A) They disturb society.
    (B) Their dreams have serious practical value.
    (C) They are mad people.
    (D) They dislike Science.

81. Identify the tense used in the sentence :
    "Every forward step man takes in any field of life, is first taken along the dreamy paths of imagination."
    (A) Simple Present
    (B) Simple Past
    (C) Present Continuous
    (D) Present Perfect

82. The phrase "abreast of their time" means
    (A) behind their time
    (B) unaware of current developments
    (C) equal to the demands of their time
    (D) opposed to progress

Read the passage carefully and answer the questions (**83-90**) that follow by choosing the best alternative :

The habit of reading is one of the greatest resources of mankind; and we enjoy reading books that belong to us much more than if they are borrowed. A borrowed book is like a guest in the house; it must be treated with punctiliousness, with a certain considerate formality. You must see that it sustains no damage; it must not suffer while under your roof. You cannot leave it carelessly, you cannot mark it, you cannot turn down the pages, you cannot use it familiarly. And then, someday, although this is seldom done, you really ought to return it.

But your own books belong to you; you treat them with that affectionate intimacy that annihilates formality. Books are for use, not for show; you should own no book that you are afraid to mark up, or afraid to place on the table, wide open and face down. A good reason for marking favorite passages in books is that this practice enables you to remember more easily the significant sayings, to refer to them quickly, and then in later years, it is like visiting a forest where you once blazed a trail. You have the pleasure of going over the old ground, and recalling both the intellectual scenery and your own earlier self.

Everyone should begin collecting a private library in youth; the instinct of private property, which is fundamental in human beings, can here be cultivated with every advantage and no evils. One should have one's own bookshelves, which should not have doors, glass windows, or keys; they should be free and accessible to the hand as well as to the eye. The best of mural decorations is books; they are more varied in color and appearance than any wallpaper, they are more attractive in design, and they have the prime advantage of being separate personalities, so that if you sit alone in the room in the firelight, you are surrounded with intimate friends. The knowledge that they are there in plain view is both stimulating and refreshing. You do not have to read them all. Most of my indoor life is spent in a room containing six thousand books; and I have a stock answer to the invariable question that comes from strangers. "Have you read all of these books ?"
"Some of them twice." This reply is both true and unexpected.

